# ਪੰਜਾਬ ਸਰਕਾਰ
# ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ
# (ਮਕਾਨ ਉਸਾਰੀ-2 ਸ਼ਾਖਾ)

ਸੇਵਾ ਵਿਖੇ

ਮੁੱਖ ਪ੍ਰਸ਼ਾਸਕ ਪੁੱਡਾ,
ਮੁਹਾਲੀ।

ਮੀਮੋ ਨੰ: 12-11-08-5 ਮਓ2/5803 ਮਿਤੀ, ਚੰਡੀਗੜ੍ਹ,
29-08-08

**ਵਿਸ਼ਾ:-** **ਮਿਉਂਸਪਲ ਹੱਦਾਂ ਤੋਂ ਬਾਹਰ ਬਣੀਆਂ ਉਸਾਰੀਆਂ ਨੂੰ ਰੈਗੂਲਰਾਈਜ਼ ਕਰਨ ਬਾਰੇ**

ਪੁੱਡਾ ਬਿਲਡਿੰਗ ਰੂਲਜ਼, ਮਿਤੀ 21-1-05 ਤੋਂ ਮਿਉਂਸਪਲ ਲਿਮਟਸ ਤੋਂ ਬਾਹਰ ਸਾਰੇ ਪੰਜਾਬ ਵਿੱਚ ਲਾਗੂ ਕੀਤੇ ਗਏ ਸਨ। ਇਸ ਮਿਤੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਕਈ ਉਸਾਰੀਆਂ ਜਿਵੇਂ ਕਿ ਇੰਸਟੀਚਿਊਸ਼ਨਸ਼/ਹੋਟਲ/ਉਦਯੋਗ ਆਦਿ ਬਿਨ੍ਹਾਂ ਪ੍ਰਵਾਨਗੀ ਤੋਂ ਪ੍ਰਮੋਟਰਜ਼ ਵਲੋਂ ਵਿਕਸਤ ਕੀਤੀਆਂ ਗਈਆਂ ਹਨ। ਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਇਨ੍ਹਾਂ ਵਿੱਚੋਂ ਕੁੱਝ ਅਦਾਰੇ ਸੀ.ਐਲ.ਯੂ, ਈ.ਡੀ.ਸੀ ਅਤੇ ਲਾਇੰਸਸ ਫੀਸ ਦੇ ਕੇ ਆਪਣੀਆਂ ਉਸਾਰੀਆਂ ਰੈਗੂਲਰਾਈਜ਼ ਕਰਵਾਉਣੀਆਂ ਚਾਹੁੰਦੇ ਹਨ।

1. ਉਪਰੋਕਤ ਦੇ ਸੰਬੰਧ ਵਿੱਚ ਸਰਕਾਰ ਦੀ ਪੱਧਰ ਤੇ ਫੈਸਲਾ ਲਿਆ ਗਿਆ ਹੈ ਕਿ ਮਿਉਂਸਪਲ ਹੱਦਾਂ ਤੋਂ ਬਾਹਰ ਜੋ ਇੰਸਟੀਚਿਯੁਸ਼ਨਜ/ਹੋਟਲ/ਉਦਯੋਗ ਆਦਿ ਦੀਆਂ ਬਿਲਡਿੰਗਾਂ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਬਣੀਆਂ ਹੋਈਆਂ ਹਨ ਅਤੇ ਉਹ ਰਕਬੇ, ਪਹੁੰਚ ਸੜਕ ਅਤੇ ਸਾਈਟ ਦੇ ਫਰੰਟੇਜ਼ ਆਦਿ ਦੀਆਂ ਸ਼ਰਤਾ ਦੀ ਪੂਰਤੀ ਗਾਈਡਲਾਈਨਾਂ ਮੁਤਾਬਿਕ ਕਰਦੀਆਂ ਹਨ, ਨੂੰ ਭੌਂ ਵਰਤੋਂ ਦੀ ਤਬਦੀਲੀ ਦੀ ਆਗਿਆ ਲੈਣ ਉਪਰੰਤ ਅਤੇ ਸੀ.ਐਲ.ਯੂ, ਈ.ਡੀ.ਸੀ. ਅਤੇ ਲਾਇੰਸਸ ਫੀਸ ਪ੍ਰਾਪਤ ਕਰਨ ਉਪਰੰਤ ਸਮਰੱਥ ਅਧਿਕਾਰੀ ਵਲੋਂ ਬਿਲਡਿੰਗ ਪਲੈਨ ਪ੍ਰਵਾਨ ਕਰ ਦਿੱਤ ੇ ਜਾਣ। ਮੌਜੂਦਾ ਬਿਲਡਿੰਗ ਵਿੱਚ ਉਸਾਰੀ ਨੂੰ ਰੂਲਾਂ ਅਨੁਸਾਰ ਸੋਧ ਕਰਨ ਲਈ ਕੋਈ ਲੋੜ ਹੋਵੇ ਤਾਂ ਬਿਨੈਕਾਰਾ ਤੋਂ ਅਜਿਹੀ ਸੋਧ ਕਰਵਾਉਣ ਉਪਰੰਤ ਹੀ ਪ੍ਰਵਾਨਗੀ ਦਿੱਤੀ ਜਾਵੇ। ਇਸ ਸੰਬੰਧ ਵਿੱਚ ਬਿਨੈਕਾਰ ਤੋ ਂ ਇਹ ਅੰਡਰਟੇਕਿੰਗ ਵੀ ਪ੍ਰਾਪਤ ਕਰ ਲਈ ਜਾਵ ੇ ਕਿ ਉਹ ਮੌਜੂਦਾ ਪਾਲਿਸੀ ਅਨੁਸਾਰ ਸੀ.ਐਲ.ਯੂ., ਈ.ਡੀ.ਸੀ ਅਤੇ ਲਾਇੰਸਸ ਫੀਸ ਦੇਣ ਲਈ ਤਿਆਰ ਹੈ।।

2. ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਮੁੱਖ ਪ੍ਰਸ਼ਾਸਕ ਪੁੱਡਾ ਵਲੋਂ ਸਾਰੀਆਂ ਡਿਵੈਲਪਮੈਂਟ ਅਥਾਰਟੀਜ਼ ਦੀ ਤਰਫੋਂ ਇੱਕ ਪਬਲਿਕ ਨੋਟਿਸ ਦੇ ਦਿੱਤਾ ਜਾਵੇ ਜਿਸ ਰਾਹੀਂ ਅਜਿਹੀਆਂ ਬਿਨ੍ਹਾਂ ਪ੍ਰਵਾਨਗੀ ਤੋਂ ਉਸਾਰੀਆਂ ਬਿਲਡਿੰਗਜ਼ ਰੈਗੂਲਰਾਈਜ਼ ਕਰਵਾਉਣ ਹਿੱਤ ਅਪਲਾਈ ਕਰ ਦੇਣ। ਜਿਹੜੇ ਬਿਨ੍ਹਾਂ ਪ੍ਰਵਾਨਗੀ ਤੋਂ ਵਿਕਸਤ ਕੀਤੀ ਉਸਾਰੀ ਫਿਰ ਵੀ ਰੈਗੂਲਰਾਈਜ਼ ਕਰਵਾਉਣ ਹਿੱਤ ਪਹਿਲ ਨਹੀ ਂ ਕਰਦੇ, ਉਨ੍ਹਾਂ ਦੇ ਖਿਲਾਫ ਕੰਪੀਟੈਂਟ ਅਥਾਰਟੀਜ਼ ਵਲੋਂ ਕਾਨੂੰਨੀ ਕਾਰਵਾਈ ਆਰੰਭੀ ਜਾਵੇ।

ਉਪਰੋਕਤ ਅਨੁਸਾਰ ਪਬਲਿਕ ਨੋਟਿਸ ਜਾਰੀ ਕਰ ਦਿੱਤਾ ਜਾਵੇ।

ਵਧੀਕ ਸਕੱਤਰ

ਪਿਅੰਨੰ 12/11/08-5ਮਓ2/5804 ਮਿਤੀ, ਚੰਡੀਗੜ੍ਹ, 29-8-08

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1 ਮੁੱਖ ਪ੍ਰਸਾਸ਼ਕ, ਗਮਾਡਾ, ਮੁਹਾਲੀ
2. ਮੁੱਖ ਪ੍ਰਸਾਸ਼ਕ, ਗਮਾਡਾ, ਲੁਧਿਆਣਾ,
3. ਮੁੱਖ ਪ੍ਰਸਾਸ਼ਕ, ਜਲੰਧਰ ਵਿਕਾਸ ਅਥਾਰਿਟੀ, ਜਲੰਧਰ,

4. ਮੁੱਖ ਪ੍ਰਸਾਸ਼ਕ, ਅੰਮ੍ਰਿਤਸਰ ਵਿਕਾਸ ਅਥਾਰਿਟੀ, ਅੰਮ੍ਰਿਤਸਰ,
5. ਮੁੱਖ ਪ੍ਰਸਾਸ਼ਕ, ਪਟਿਆਲਾ ਵਿਕਾਸ ਅਥਾਰਿਟੀ, ਪਟਿਆਲਾ,
6. ਮੁੱਖ ਪ੍ਰਸਾਸ਼ਕ, ਬਠਿੰਡਾ ਵਿਕਾਸ ਅਥਾਰਿਟੀ, ਬਠਿੰਡਾ ਅਤੇ
7. ਮੁੱਖ ਨਗਰ ਯੋਜਨਾਕਾਰ, ਪੰਜਾਬ, ਚੰਡੀਗੜ੍ਹ।

ਵਧੀਕ ਸਕੱਤਰ

**ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ**

ਪਿੱਠ ਅੰਕਣ ਨੰ 7475-97 ਸੀਟੀਪੀ(ਪਬ)/SP-176 ਮਿਤੀ: 12/9/08

ਇਸ ਦਾ ਇੱਕ ਉਤਾਰਾ ਨਿਮਨ ਲਿਖਤ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1 ਸਮੂਹ ਸੀਨੀਅਰ ਨਗਰ ਯੋਜਨਾਕਾਰ,

2. ਸਮੂਹ ਜਿਲ੍ਹਾਂ ਨਗਰ ਯੋਜਨਾਕਾਰ,

3. ਸਮੂਹ ਡਿਪਟੀ ਜਿਲ੍ਹਾਂ ਨਗਰ ਯੋਜਨਾਕਾਰ।

ਜਿਲ੍ਹਾ ਨਗਰ ਯੋਜਨਾਕਾਰ (ਸਮ),
ਵਾ: ਮੁੱਖ ਨਗਰ ਯੋਜਨਾਕਾਰ,
ਪੰਜਾਬ, ਚੰਡੀਗੜ੍ਹ।